# ਸੜਕਾਂ ਦੇ ਕਿਨਾਰਿਆਂ ਤੇ ਰੁੱਖ ਲਗਾਉਣੇ

**13 ਅਗਸਤ, 1999 ਈ. ਨੂੰ ਆਰੰਭ ਹੋਈ ਸੜਕਾਂ ਕਿਨਾਰੇ ਰੁੱਖਾਂ ਦੀ ਪਾਲ ਵਿਛਾਉਣ ਦੀ ਯੋਜਨਾ**

## ਪੂਰੇ ਭਾਰਤ ਵਿੱਚ 531.5 ਕਿਲੋਮੀਟਰ ਸੜਕਾਂ ਕਿਨਾਰੇ 'ਤੇ ਲਗਾਏ ਗਏ ਰੁੱਖ




ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸੜਕਾਂ ਕਿਨਾਰੇ ਸਥਾਪਿਤ ਰੁੱਖਾਂ ਦੀਆਂ ਹਰੀਆਂ ਪੱਟੀਆਂ ਦੀਆਂ ਝਲਕੀਆਂ

### ਗ੍ਰੀਨ ਹਾਊਸ ਗੈਸ ਨਿਕਾਸ

ਅੱਜ, ਅਸੀਂ ਸਮੂਹਿਕ ਤੌਰ 'ਤੇ ਹਰ ਸਾਲ ਲਗਭਗ 50 ਅਰਬ ਟਨ $CO_2$ ਦਾ ਨਿਕਾਸ ਕਰਦੇ ਹਾਂ। ਇਹ 1990 ਦੇ ਨਿਕਾਸ ਨਾਲੋਂ ਲਗਭਗ 40% ਵੱਧ ਹੈ, ਜੋ ਕਿ ਲਗਭਗ 35 ਅਰਬ ਟਨ ਹੈ।

### ਰੁੱਖਾਂ ਦੁਆਰਾ ਕਾਰਬਨ ਜਜ਼ਬ ਕਰਨਾ

ਰੁੱਖ ਵਾਯੂਮੰਡਲ ਵਿੱਚੋਂ ਕਾਰਬਨ ਡਾਈਆਕਸਾਈਡ ਨੂੰ ਗ੍ਰਹਿਣ ਕਰਕੇ ਅਤੇ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਇਸ ਨੂੰ ਬਾਇਓਮਾਸ ਵਿੱਚ ਬਦਲ ਕੇ ਕਾਰਬਨ ਨੂੰ ਵੱਖ ਕਰਦੇ ਹਨ। ਫਿਰ ਬਾਇਓਮਾਸ, ਡੈੱਡਵੁੱਡ, ਕੂੜੇ ਦੇ ਰੂਪ ਵਿੱਚ ਅਤੇ ਜੰਗਲੀ ਮਿੱਟੀ ਦੇ ਰੂਪ ਵਿੱਚ ਇਹ ਗ੍ਰਹਿਣ ਕੀਤੀ ਕਾਰਬਨ ਇਕੱਠੀ ਹੁੰਦੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ 500 ਸਾਲਾ ਸ਼ਤਾਬਦੀ ਨੂੰ ਸਮਰਪਿਤ ਰੁੱਖ ਲਗਾਉਣ ਦੀ ਮੁਹਿੰਮ ਸੰਨ 1999 ਵਿੱਚ ਸ਼ੁਰੂ ਕੀਤੀ ਗਈ ਸੀ। ਸਤੰਬਰ, 2024 ਤੱਕ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮੱਧ-ਪ੍ਰਦੇਸ਼, ਮਹਾਂਰਾਸ਼ਟਰ ਆਦਿ ਵਿੱਚ ਲਗਭਗ 531.5 ਕਿਲੋਮੀਟਰ ਸੜਕਾਂ ਦੇ ਦੋਵੇਂ ਪਾਸੇ ਪਿੱਪਲ, ਬੋਹੜ, ਨਿੰਮ, ਜਾਮੁਨ, ਤੁਣ, ਵੱਖ-ਵੱਖ ਦੇਸੀ ਰੁੱਖਾਂ ਸਮੇਤ 1 ਲੱਖ 25 ਹਜ਼ਾਰ ਤੋਂ ਵਧੇਰੇ ਰੁੱਖ ਲਗਾਏ ਗਏ ਹਨ।



ਸੜਕ ਕਿਨਾਰੇ ਰੁੱਖਾਂ ਦੀ ਹਰੀ ਪੱਟੀ ਦਾ ਹਵਾਈ ਦ੍ਰਿਸ਼

# ਨਵਿਉਣ ਯੋਗ ਊਰਜਾ

ਸਾਫ਼ ਸੁਥਰੀ ਊਰਜਾ ਵੱਲ ਵੱਧਦੇ ਕਦਮ
ਸੋਲਰ ਊਰਜਾ ਦੀ ਪੈਦਾਵਾਰ ਵਿੱਚ ਵਾਧਾ ਕਰਨਾ

## ਸੋਲਰ ਪੈਨਲ ਇੰਸਟਾਲੇਸ਼ਨ




## ਕਾਰਬਨ ਨਿਕਾਸ ਨੂੰ ਘਟਾਉਣਾ

'ਕਾਰਬਨ ਨਿਕਾਸ' ਸ਼ਬਦ ਦੀ ਵਰਤੋਂ ਮਨੁੱਖੀ ਗਤੀਵਿਧੀਆਂ ਦੁਆਰਾ ਗ੍ਰੀਨਹਾਊਸ ਗੈਸਾਂ, ਮੁੱਖ ਤੌਰ 'ਤੇ ਕਾਰਬਨ ਡਾਈਆਕਸਾਈਡ ਦੇ ਵਾਤਾਵਰਣ ਵਿੱਚ ਛੱਡੇ ਜਾਣ ਲਈ ਕੀਤੀ ਜਾਂਦੀ ਹੈ। ਕਾਰਬਨ ਨਿਕਾਸ ਵਿੱਚ ਪ੍ਰਮੁੱਖ ਯੋਗਦਾਨ ਜੈਵਿਕ ਬਾਲਣ ਦੀ ਵਰਤੋਂ ਦਾ ਹੈ। ਸੂਰਜੀ ਊਰਜਾ, ਊਰਜਾ ਦੇ ਸਭ ਤੋਂ ਸਾਫ਼ ਬਦਲਵੇਂ ਰੂਪਾਂ ਵਿੱਚੋਂ ਇੱਕ ਹੈ। ਸੂਰਜੀ ਊਰਜਾ ਦੇ ਹਰ 1 ਮੈਗਾਵਾਟ-ਘੰਟੇ (MWh) ਪੈਦਾਵਾਰ ਦੇ ਬਰਾਬਰ ਜੈਵਿਕ ਬਾਲਣ ਰਾਹੀਂ ਊਰਜਾ ਪੈਦਾ ਕਰਨ ਲਈ 0.5 ਤੋਂ 1 ਟਨ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ।

## ਸੰਸਥਾ ਦੁਆਰਾ ਛੱਤਾਂ ਤੇ ਲਗਾਏ ਸੋਲਰ ਸਿਸਟਮ ਆਰੰਭਤਾ ਸੰਨ 2017

| 518 kW | 1,517.90 MWh | 15,17,896 kWh | 1,214.3 |
|---|---|---|---|
| ਸਮਰੱਥਾ ਵਾਲੇ ਸੋਲਰ ਪੈਨਲ | ਸਤੰਬਰ 2024 ਤੱਕ | ਯੂਨਿਟ ਸਤੰਬਰ 2024 ਤੱਕ | ਟੰਨ ਕਾਰਬਨ-ਡਾਈਆਕਸਾਈਡ ਦੇ ਨਿਕਾਸ ਨੂੰ ਰੋਕਿਆ ਗਿਆ |

| ਸਥਾਨ | ਸਮਰੱਥਾ | ਪੈਦਾਵਾਰ (MWh) | ਕੁੱਲ ਯੂਨਿਟ (kWh) | ਬਚਾਇਆ ਗਿਆ ਕਾਰਬਨ ਨਿਕਾਸ (ਟੰਨ) |
|---|---|---|---|---|
| ਭਾਈ ਬਾਲਾ ਜੀ ਹੋਸਟਲ (ਸੰਨ 2018) | 40 KW | 289.09 | 2,89,090 | 231.27 |
| ਬਾਬਾ ਉੱਤਮ ਸਿੰਘ ਜੀ ਸਰਾਂ (ਸੰਨ 2020) | 50 KW | 337.90 | 3,37,900 | 270.32 |
| ਮਾਤਾ ਖੀਵੀ ਜੀ ਲੰਗਰ ਹਾਲ (ਸੰਨ 2019) | 65 KW | 440.20 | 4,40,306 | 352.24 |
| ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ (ਸੰਨ 2021) | 40 KW | 99.301 | 99,301 | 79.44 |
| ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ, (ਸੰਨ 2024) | 49 KW | 113.596 | 1,13,596 | 90.87 |
| ਗੁਰਦੁਆਰਾ ਦਾਤਾ ਬੰਦੀ ਛੋੜ, ਕਿਲਾ ਗਵਾਲੀਅਰ (ਸੰਨ 2023) | 125 KW | 104.05 | 1,04,050 | 83.24 |
| ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ (ਸੰਨ 2024) | 30 KW | 28.05 | 28,053 | 22.44 |
| ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ, ਖਡੂਰ ਸਾਹਿਬ (ਸੰਨ 2024) | 07 KW | 2.77 | 2,770 | 2.21 |
| ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ(ਸੰਨ 2024) | 112 KW | 102.83 | 1,02,830 | 82.26 |

# ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣਾ



## ਪਾਣੀ ਦਾ ਸੰਕਟ

ਧਰਤੀ ਦੇ ਲਗਭਗ 70% ਹਿੱਸੇ ਉਪਰ ਪਾਣੀ ਹੈ, ਅਤੇ ਇਹ ਵਿਸ਼ਵਾਸ ਕਰਨਾ ਸਪੱਸ਼ਟ ਹੈ ਕਿ ਇਹ ਹਮੇਸ਼ਾ ਇਸ ਤਰ੍ਹਾਂ ਹੀ ਰਹੇਗਾ, ਹਾਲਾਂਕਿ, ਤਾਜ਼ਾ ਪਾਣੀ - ਜੋ ਅਸੀਂ ਪੀਂਦੇ ਹਾਂ, ਇਸ਼ਨਾਨ ਕਰਨ ਅਤੇ ਆਪਣੇ ਖੇਤਾਂ ਦੀ ਸਿੰਚਾਈ ਲਈ ਵਰਤਦੇ ਹਾਂ - ਬਹੁਤ ਹੀ ਦੁਰਲੱਭ ਹੈ। ਦੁਨੀਆ ਦੇ ਕੁੱਲ ਪਾਣੀ ਦਾ ਸਿਰਫ਼ 3% ਹਿੱਸਾ ਹੀ ਤਾਜ਼ੇ ਪਾਣੀ ਦੇ ਰੂਪ ਵਿੱਚ ਉਪਲੱਬਧ ਹੈ ਅਤੇ ਇਸਦਾ ਦੋ ਤਿਹਾਈ ਹਿੱਸਾ ਜੰਮੇ ਹੋਏ ਗਲੇਸ਼ੀਅਰਾਂ ਵਿੱਚ ਬੰਦ ਹੈ ਅਤੇ ਸਾਡੀ ਵਰਤੋਂ ਲਈ ਉਪਲੱਬਧ ਨਹੀਂ ਹੈ।

ਨਤੀਜੇ ਵਜੋਂ, ਦੁਨੀਆ ਭਰ ਵਿੱਚ ਲਗਭਗ 1.1 ਬਿਲੀਅਨ ਲੋਕਾਂ ਨੂੰ ਪੀਣ ਯੋਗ ਪਾਣੀ ਜ਼ਰੂਰਤ ਅਨੁਸਾਰ ਨਹੀਂ ਮਿਲ ਰਿਹਾ ਅਤੇ ਕੁੱਲ 2.7 ਬਿਲੀਅਨ ਲੋਕਾਂ ਨੂੰ ਸਾਲ ਦੇ ਘੱਟੋ-ਘੱਟ ਇੱਕ ਮਹੀਨੇ ਲਈ ਪਾਣੀ ਦੀ ਉਪਲੱਬਧਤਾ ਦੀ ਘਾਟ ਮਹਿਸੂਸ ਹੁੰਦੀ ਹੈ। ਬਹੁਤ ਸਾਰੇ ਪਾਣੀ ਦੇ ਸ੍ਰੋਤ ਜੋ ਧਰਤੀ ਦੇ ਜੀਵਨ ਚੱਕਰ ਨੂੰ ਚਲਾਉਣ ਵਿੱਚ ਸਹਾਈ ਹੁੰਦੇ ਹਨ, ਉਹਨਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦਰਿਆ, ਨਦੀਆਂ, ਅਤੇ ਝੀਲਾਂ ਦਾ ਪਾਣੀ ਸੁੱਕ ਰਿਹਾ ਹੈ ਜਾਂ ਏਨਾਂ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕਾ ਹੈ ਕਿ ਉਸਨੂੰ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ।

ਧਰਤੀ ਹੇਠਲੇ ਪਾਣੀ ਨੂੰ ਨਹਿਰਾਂ ਜਾਂ ਤਲਾਬਾਂ ਰਾਹੀਂ ਜ਼ਮੀਨ ਦੀ ਸਤ੍ਹਾ ਵੱਲ ਨੂੰ ਮੋੜ ਕੇ ਮਸਨੂਈ ਤੌਰ 'ਤੇ ਰੀਚਾਰਜ ਕੀਤਾ ਜਾ ਸਕਦਾ ਹੈ; ਸਿੰਚਾਈ ਦੇ ਲਈ ਫੁਹਾਰਾ ਸਿਸਟਮ ਦੀ ਵਰਤੋਂ ਕਰਨਾ ਜਾਂ ਫਿਰ ਮੀਂਹ ਦੇ ਪਾਣੀ ਨੂੰ ਸਿੱਧੇ ਤੌਰ ਤੇ ਧਰਤੀ ਹੇਠਲੇ ਪਾਣੀ ਨਾਲ ਮਿਲਾਉਣਾ ਵੀ ਇੱਕ ਬਦਲ ਹੈ।

ਸੰਸਥਾ ਨੇ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਖੇਡ ਮੈਦਾਨਾਂ ਵਿੱਚ **20 ਤੋਂ ਵਧੇਰੇ ਵਾਟਰ ਰੀਚਾਰਜ ਸਿਸਟਮ** ਲਗਾਏ ਹਨ। ਜਿਸ ਨਾਲ ਬਰਸਾਤ ਦੇ ਪਾਣੀ ਨੂੰ ਸਾਫ਼ ਕਰਕੇ ਬੋਰਵੈੱਲ ਰਾਹੀਂ ਸਿੱਧਾ ਧਰਤੀ ਹੇਠ ਪਹੁੰਚਾਇਆ ਜਾਂਦਾ ਹੈ।

## ਕਾਰਵਾਈ ਦੀ ਵਿਧੀ



# ਜੰਗਲ ਲਗਾਉਣੇ

## ਗੁਰੂ ਨਾਨਕ ਯਾਦਗਾਰੀ ਜੰਗਲ ਦੇ ਰੂਪ ਵਿੱਚ

### ਕੁਦਰਤ ਵੱਲ ਵਾਪਸੀ

### ਜੰਗਲਾਂ ਦੀ ਲੋੜ

ਧਰਤੀ ਉੱਪਰ ਜੀਵਨ ਲਈ ਜੰਗਲ ਬਹੁਤ ਜ਼ਰੂਰੀ ਹਨ। ਉਹ ਸਾਡੇ ਸਾਹ ਲੈਣ ਵਾਲੀ ਹਵਾ ਨੂੰ ਸ਼ੁੱਧ ਕਰਦੇ ਹਨ, ਪੀਣ ਵਾਲੇ ਪਾਣੀ ਨੂੰ ਸਾਫ਼ ਕਰਦੇ ਹਨ, ਭੌ-ਖੋਰ ਨੂੰ ਰੋਕਦੇ ਹਨ ਅਤੇ ਜਲਵਾਯੂ ਤਬਦੀਲੀ ਦੇ ਵਿਰੁੱਧ ਇੱਕ ਮਹੱਤਵਪੂਰਨ ਧਿਰ ਵਜੋਂ ਕਾਰਜ਼ਸ਼ੀਲ ਰਹਿੰਦੇ ਹਨ। ਜੰਗਲ ਦੁਨੀਆਂ ਦੇ ਬਹੁਤ ਸਾਰੇ ਪੌਦਿਆਂ ਅਤੇ ਜਾਨਵਰਾਂ ਦਾ ਰੈਣ-ਬਸੇਰਾ ਬਣਦੇ ਹਨ ਅਤੇ ਲੱਕੜ, ਭੋਜਨ ਆਦਿ ਤੋਂ ਲੈ ਕੇ ਦਵਾਈਆਂ ਤੱਕ ਜ਼ਰੂਰੀ ਕੁਦਰਤੀ ਸਰੋਤ ਪ੍ਰਦਾਨ ਕਰਦੇ ਹਨ।



ਵਿਸ਼ਵ ਭਰ ਵਿੱਚ ਜੰਗਲਾਂ ਦੀ ਕਟਾਈ ਚਿੰਤਾਜਨਕ ਦਰ 'ਤੇ ਜਾਰੀ ਹੈ: 2015 ਤੋਂ 2020 ਤੱਕ, 10 ਮਿਲੀਅਨ ਹੈਕਟੇਅਰ ਜੰਗਲਾਂ (ਲਗਭਗ ਆਈਸਲੈਂਡ ਦੇ ਆਕਾਰ ਦਾ ਖੇਤਰ) ਨੂੰ ਵੱਖ-ਵੱਖ ਵਪਾਰਕ ਉਦੇਸ਼ਾਂ ਲਈ ਕੱਟਿਆ ਜਾ ਚੁੱਕਾ ਹੈ।

**550 ਛੋਟੇ ਜੰਗਲ ਲਗਾਉਣ ਦਾ ਟੀਚਾ**

**2,21,767 ਰੁੱਖ ਜੰਗਲਾਂ ਵਿਚ ਲਗਾਏ ਗਏ**

**331 ਜੰਗਲ ਲਗਾਏ ਗਏ**

## ਗੁਰੂ ਨਾਨਕ ਯਾਦਗਾਰੀ ਜੰਗਲ

ਸਾਲ 2019 ਵਿੱਚ, ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਛੋਟੇ ਸੰਘਣੇ ਜੰਗਲ/ਝਿੜੀਆਂ ਲਗਾਉਣ ਦਾ ਟੀਚਾ ਰੱਖਿਆ ਗਿਆ ਸੀ।







ਗੁਰੂ ਨਾਨਕ ਯਾਦਗਾਰੀ ਜੰਗਲ ਦਾ ਹਵਾਈ ਦ੍ਰਿਸ਼



## ਜੰਗਲਾਂ ਵਿੱਚ ਰੁੱਖ ਲਗਾਉਣੇ

ਗੁਰੂ ਨਾਨਕ ਯਾਦਗਾਰੀ ਜੰਗਲਾਂ ਵਿੱਚ **50 ਕਿਸਮਾਂ ਦੇ ਦਰੱਖਤ** ਲਗਾਏ ਜਾਂਦੇ ਹਨ, ਜਿਨ੍ਹਾਂ ਵਿੱਚ ਚਾਰ ਮੁੱਖ ਸ਼੍ਰੇਣੀਆਂ - ਫ਼ਲਾਂ ਵਾਲੇ, ਫੁੱਲਾਂ ਵਾਲੇ, ਛਾਂਦਾਰ ਅਤੇ ਦਵਾਈਆਂ ਵਾਲੇ ਰੁੱਖ ਸ਼ਾਮਿਲ ਹਨ।





